**Punjabi**

# ਪੂਰਬੀ (ਈਸਟ) ਕੈਲਗਰੀ ਵਿਚ ਨਵਾਂ ਹੈੱਲਥ ਸੈਂਟਰ
# A NEW HEALTH CENTRE IN EAST CALGARY

ਈਸਟ ਕੈਲਗਰੀ ਵਿਚ ਮਈ, 2010 ਦੌਰਾਨ, ਈਸਟ ਕੈਲਗਰੀ ਹੈੱਲਥ ਸੈਂਟਰ (ਈ ਸੀ ਐਚ ਸੀ) ਨਾਂ ਦਾ ਇਕ ਨਵਾਂ ਹੈੱਲਥ ਸੈਂਟਰ ਖੁੱਲ੍ਹ ਗਿਆ ਹੈ। ਇਹ ਹੈੱਲਥ ਸੈਂਟਰ, ਫੌਰੈਸਟ ਲਾਨ ਕਨਿਊਨਿਟੀ ਹੈੱਲਥ ਸੈਂਟਰ ਅਤੇ ਈਸਟ ਕਮਿਊਨਿਟੀ ਹੈੱਲਥ ਸੈਂਟਰਾਂ, ਅਤੇ ਸੈਂਟਰ 15, ਸਨਰਿੱਜ ਮਾਲ ਅਤੇ ਸਨਰਿੱਜ ਪਰੋਫੈਸ਼ਨਲ ਬਿਲਡਿੰਗ ਵਿਚ ਸਥਿੱਤ ਕੁੱਝ ਹੋਰ ਪਰੋਗਰਾਮਾਂ ਦੀ ਥਾਂ ਲਏਗਾ।



**ਪ੍ਰਸ਼ਨ: ਈਸਟ ਕੈਲਗਰੀ ਹੈੱਲਥ ਸੈਂਟਰ ਕਿੱਥੇ ਸਥਿੱਤ ਹੈ?(Q: Where is East Calgary Health Centre located?)**
ਉੱਤਰ: ਈਸਟ ਕੈਲਗਰੀ ਹੈੱਲਥ ਸੈਂਟਰ 4715-8 ਐਵਿਨਿਊ ਸਾਊਥ ਈਸਟ ਵਿਖੇ,ਫੌਰੈਸਟ ਗਰੋਵ ਕੇਅਰ ਸੈਂਟਰ ਵਾਲੀ ਸਟਰੀਟ ਦੇ ਦੂਸਰੇ ਪਾਸੇ ਅਤੇ ਫੌਰੈਸਟ ਲਾਨ ਲਾਇਬਰੇਰੀ ਵਾਲੀ ਸਟਰੀਟ ‘ਤੇ ਸਥਿੱਤ ਹੈ।

**ਪ੍ਰਸ਼ਨ: ਈਸਟ ਕੈਲਗਰੀ ਵਿਚ ਹੈੱਲਥ ਸੈਂਟਰ ਖੋਲ੍ਹਣ ਦਾ ਕੀ ਕਾਰਨ ਹੈ?**
**(Q: What is the reason to have one health centre in East Calgary?)**
ਉੱਤਰ: ਐਲਬਰਟਾ ਹੈੱਲਥ ਸਰਵਿਸਿਜ਼ ਦਾ ਟੀਚਾ ਇਕ ਅਜਿਹੀ ਸਿਹਤ ਪ੍ਰਣਾਲੀ ਸਿਰਜਣ ਦਾ ਹੈ ਜੋ ਮਰੀਜ਼’ਤੇ ਕੇਂਦਰਿਤ ਹੋਵੇ ਜਿਸ ਤੱਕ ਸਾਰੇ ਐਲਬਰਟਾ ਨਿਵਾਸੀਆਂ ਦੀ ਪਹੁੰਚ ਹੋਵੇ ਅਤੇ ਉਨ੍ਹਾਂ ਸਭ ਨੂੰ ਸਹਾਰਾ ਦੇਣ ਵਾਲਾ ਹੋਵੇ। ਹੁਣ ਸ਼ਹਿਰ ਦੇ ਇਸ ਹਿੱਸੇ ਵਿਚ, ਈਸਟ ਕੈਲਗਰੀ ਹੈੱਲਥ ਸੈਂਟਰ ਵਿਚ ਕਈ ਕਮਿਊਨਿਟੀ ਅਧਾਰਿਤ ਸੇਵਾਵਾਂ ਇਕ ਥਾਂ ਤੇ ਉਪਲਬਧ ਹਨ।

**ਪ੍ਰਸ਼ਨ: ਇਸ ਸੈਂਟਰ ਵਿਚ ਮਾਪਿਆਂ ਨੂੰ ਕਿਸ ਤਰ੍ਹਾਂ ਦੀਆਂ ਸੇਵਾਵਾਂ ਉਪਲਬਧ ਹੋਣਗੀਆਂ?**
**(Q: What kind of services would be available to parents at the Centre?)**
ਉੱਤਰ: ਈਸਟ ਕੈਲਗਰੀ ਹੈੱਲਥ ਸੈਂਟਰ ਵਿਚ ਮਾਪੇ ਆਪਣੇ ਬੱਚਿਆਂ ਨੂੰ ਟੀਕੇ ਲਗਵਾਉਣ, ਵੈੱਲ ਬੇਬੀ ਕਲਨਿਕ, ਬਰੈਸਟਫੀਡਿੰਗ (ਮਾਂ ਦਾ ਦੁੱਧ ਪਿਲਾਉਣ ਸਬੰਧੀ) ਕਲੀਨਿਕਸ, ਸਕੂਲ ਹੈੱਲਥ, ਅਤੇ ਹੋਰ ਕਈ ਪਰੋਗਰਾਮਾਂ ਲਈ ਲਿਆ ਸਕਦੇ ਹਨ।ਇਸ ਤੋਂ ਇਲਾਵਾ, ਗਰਭਵਤੀ ਮਾਵਾਂ ਦਾ ਗਰਭ ਅਵਸਥਾ ਦੌਰਾਨ ਮਦਦ ਲਈ ਨਰਸ, ਸੋਸ਼ਲ ਵਰਕਰ ਅਤੇ ਭੋਜਨ ਵਿਸ਼ੇਸ਼ਗ ਨਾਲ ਸੰਪਰਕ ਸਥਾਪਿਤ ਕੀਤਾ ਜਾ ਸਕਦਾ ਹੈ। ਇਸ ਨੂੰ ਬੈਸਟ ਬਿਗਨਿੰਗ (ਉੱਤਮ ਸ਼ੁਰੂਆਤ) ਪਰੋਗਰਾਮ ਵੀ ਕਿਹਾ ਜਾਂਦਾ ਹੈ।

**ਪ੍ਰਸ਼ਨ: ਇਸ ਸੈਂਟਰ ਵਿਚ ਬੱਚਿਆਂ ਨੂੰ ਕਿਹੜੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ?**
**(Q: What are some health services that will be offered at the Centre for children?)**

- ਓਰਲ (ਮੂੰਹ ਸਬੰਧੀ) ਹੈੱਲਥ ਸਰਵਿਸਿਜ਼ (ਸੇਵਾਵਾਂ): ਬੱਚਿਆਂ ਦੀ ਓਰਲ ਹੈੱਲਥ ਦੇ ਆਂਕਲਨ (ਅਸੈਸਮੈਂਟ) ਅਤੇ ਰੋਕਥਾਮ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹ ਸਕੂਲ ਜਾਣ ਵਾਲੀ ਉਮਰ ਦੇ ਬੱਚਿਆਂ ਦੀ ਓਰਲ ਹੈੱਲਥ ਸੁਧਾਰਨ ਲਈ ਇਕ ਸਕੂਲ-ਅਧਾਰਿਤ ਸੇਵਾਵਾਂ ਹਨ, ਅਤੇ ਇਹ ਸੇਵਾਵਾਂ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਵੀ ਹਨ।
- ਐਜ਼ਮਾ (ਦਮੇ ਸਬੰਧੀ) ਸਰਵਿਜ਼ਿ: ਬੱਚਿਆਂ ਨੂੰ ਉਨ੍ਹਾਂ ਦੇ ਦਮੇ ‘ਤੇ ਵਧੀਆਂ ਕਾਬੂ ਰੱਖਣ ਲਈ ਅਸੈਸਮੈਂਟ, ਸਿੱਖਿਆ ਅਤੇ ਪਲਾਨਿੰਗ ਪ੍ਰਦਾਨ ਕਰਦੀਆਂ ਹਨ।
- ਸਪੀਚ-ਲੈਂਗੂਏਜ (ਬੋਲਣ ਅਤੇ ਭਾਸ਼ਾ ਸਬੰਧੀ) ਸਰਵਿਸਿਜ਼: ਬੋਲਣ ਅਤੇ ਭਾਸ਼ਾ ਸਬੰਧੀ ਸਮੱਸਿਆਵਾਂ ਕਾਰਨ ਗੱਲਬਾਤ ਕਰਨ ਵਿਚ ਔਕੜਾਂ ਪੇਸ਼ ਕਰ ਰਹੇ, ਪ੍ਰੀਸਕੂਲ (0-5 ਸਾਲ) ਅਤੇ ਸਕੂਲ ਜਾਣ ਵਾਲੀ ਉਮਰ ਦੇ ਬੱਚਿਆਂ (ਗਰੇਡ 1 ਅਤੇ ਉਸ ਤੋਂ ਅੱਗੇ) ਲਈ ਅਸੈਸਮੈਂਟ ਅਤੇ ਇਲਾਜ ਪ੍ਰਦਾਨ ਕਰਦੀਆਂ ਹਨ। ਇਹ ਸਰਵਿਸ ਪਰਿਵਾਰਾਂ ਅਤੇ ਸਕੂਲ ਸਟਾਫ ਨਾਲ ਮਿਲ ਕੇ ਬੱਚੇ ਦੀ ਬੋਲਣ ਅਤੇ ਭਾਸ਼ਾ ਸਬੰਧੀ ਨਿਪੁੰਨਤਾ ਵਿਚ ਸੁਧਾਰ ਲਈ ਕੰਮ ਕਰਦੀ ਹੈ।ਮਾਪੇ ਇਸ ਸਰਵਿਸ (ਸੇਵਾ) ਲਈ 403-955-1300 ‘ਤੇ ਕਾਲ ਕਰ ਸਕਦੇ ਹਨ।

**ਪ੍ਰਸ਼ਨ: ਗਰਭਵਤੀ ਔਰਤਾਂ ਲਈ ਸੈਂਟਰ ਵਿਚ ਕਿਹੜੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ?**
**(Q: What are some health services that will be offered at the Centre for pregnant women?)**

- ਪੋਸਟਪਾਰਟਮ (ਬੱਚੇ ਦੇ ਜਨਮ ਤੋਂ ਬਾਦ) ਕਮਿਊਨਿਟੀ ਸਰਵਿਸਿਜ਼: ਨਵੀਆਂ ਮਾਵਾਂ ਜਾਂ ਨਵਜਾਤ ਬੱਚੇ ਈਸਟ ਕੈਲਗਰੀ ਹੈੱਲਥ ਸੈਂਟਰ ਵਿਚਲੀਆਂ ਕਲੀਨਿਕਾਂ ਵਿਚ ਆ ਸਕਦੇ ਹਨ ਅਤੇ/ਜਾਂ ਪਬਲਿਕ ਨਰਸਾਂ ਉਨ੍ਹਾਂ ਦੇ ਘਰ ਵੀ ਆ ਸਕਦੀਆਂ ਹਨ। ਬਰੈਸਟਫੀਡਿੰਗ ਸਪੋਰਟ (ਮਾਂ ਦਾ ਦੁੱਧ ਪਿਲਾਉਣ ਵਿਚ ਸਹਾਇਤਾ), ਜਨਮ ਵੇਲੇ ਬਹੁਤ ਘੱਟ ਵਜ਼ਨ ਵਾਲੇ ਬੱਚਿਆਂ ਲਈ ਫਾਲੋ-ਅੱਪ , ਪੀਲੀਏ ਲਈ ਸਕਰੀਨਿੰਗ, ਅਤੇ ਹੈੱਲਥ ਪਰੋਮੋਸ਼ਨ ਅਤੇ ਸੱਟ ਲੱਗਣ ਦੀ ਰੋਕਥਾਮ ਲਈ ਪਬਲਿਕ ਹੈੱਲਥ ਨਰਸ ਸਹਾਇਤਾ ਪ੍ਰਦਾਨ ਕਰਦੀ ਹੈ। ਮਾਪੇ ਪੇਰੈਂਟ ਐਜੂਕੇਸ਼ਨ (ਮਾਪਿਆਂ ਲਈ ਸਿੱਖਿਆ), ਸੋਸ਼ਲ ਵਰਕ ਸਪੋਰਟ, ਅਤੇ ਕਈ ਕਮਿਊਨਿਟੀ ਏਜੰਸੀਆਂ ਲਈ ਰੈਫਰਲ ਪਰਾਪਤ ਕਰ ਸਕਦੇ ਹਨ।
- ਪ੍ਰੀਨੇਟਲ ( ਬੱਚੇ ਦੇ ਜਨਮ ਤੋਂ ਪਹਿਲਾਂ ਵਾਲੀਆਂ) ਸਰਵਿਸਿਜ਼: ਕੈਲਗਰੀ ਵਿਚ ਬੱਚੇ ਦੇ ਜਨਮ ਦੀ ਉਡੀਕ ਕਰ ਰਹੇ ਪਰਿਵਾਰ, ਸਹਾਇਤਾ ਅਤੇ ਸਿੱਖਿਆ ਪਰਾਪਤ ਕਰ ਸਕਦੇ ਹਨ। ਬੈਸਟ ਬਿਗਨਿੰਗ ਪਰੋਗਰਾਮ, ਪ੍ਰੀਨੇਟਲ ਸਰਵਿਸਿਜ਼ ਦਾ ਹਿੱਸਾ ਹੈ, ਘੱਟ ਆਮਦਨੀ ਵਾਲੀਆਂ ਗਰਭਵਤੀ ਔਰਤਾਂ ਇਸ ਪਰੋਗਰਾਮ ਰਾਹੀਂ ਬਹੁਤ ਸਾਰੇ ਸਰੋਤਾਂ ਤੱਕ ਪਹੁੰਚ ਸਕਦਿਆਂ ਹਨ। ਗਰਭਵਤੀ ਔਰਤਾਂ ਜਾਂ ਨਵੀਆਂ ਮਾਵਾਂ ਲਈ ਐਜੂਕੇਸ਼ਨ ਕਲਾਸਾਂ ਵੀ ਉਪਲਬਧ ਹਨ। ਪੈਰੀਨੇਟਲ ਐਜੂਕੇਟਰ ਇੰਗਲਿਸ਼, ਹਿੰਦੀ, ਉਰਦੂ, ਪੰਜਾਬੀ, ਅਰਬੀ, ਸਪੈਨਿਸ਼, ਕੈਂਟੋਨੀਜ਼ ਅਤੇ ਮੈਂਡਰਿਨ ਵਿਚ ਕਲਾਸਾਂ ਦਿੰਦੇ ਹਨ।

**ਪ੍ਰਸ਼ਨ: ਆਮ ਲੋਕਾਂ ਲਈ ਸੈਂਟਰ ਵਿਚ ਕਿਹੜੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ?**
**(Q: What are some health services that will be offered at the Centre for general public?)**

- ਕਰੌਨਿਕ ਔਬਸਟਰਕਟਿਵ ਪਲਮੋਨਰੀ ਡਿਜ਼ੀਜ਼ ( ਸੀ ਓ ਪੀ ਡੀ) {ਸਾਹ ਦੀ ਨਾਲੀ ਦੀ ਰੁਕਾਵਟ ਦੀ ਪੁਰਾਣੀ ਬਿਮਾਰੀ} ਅਤੇ ਦਮਾ: ਦਮੇ ਤੋਂ ਪੀੜਿਤ ਬਾਲਗਾਂ, ਸੀ ਓ ਪੀ ਡੀ, ਪੁਰਾਣੀ ਖੰਘ, ਅਤੇ ਸਿਗਰਟਨੋਸ਼ੀ ਕਰਨ ਵਾਲਿਆਂ ਲਈ ਪਰੋਗਰਾਮ।
- ਕਰੌਨਿਕ ਡਿਜ਼ੀਜ਼ ਮੈਨੇਜਮੈਂਟ ( ਪੁਰਾਣੀ ਬਿਮਾਰੀ ਦਾ ਪ੍ਰਬੰਧਨ): ਸ਼ੱਕਰ ਰੋਗ (ਸ਼ੂਗਰ), ਦਿਲ ਦੀ ਬਿਮਾਰੀ, ਹਾਈ ਬਲੱਡ ਪਰੈਸ਼ਰ, ਮਾਨਸਿਕ ਸਿਹਤ ਸਬੰਧੀ ਸਮੱਸਿਆਵਾਂ, ਮਾਈਗਰੇਨ, ਅਤੇ ਹੋਰ ਲਗਾਤਾਰ ਚਲ ਰਹੀਆਂ ਬਿਮਾਰੀਆਂ ਵਾਲੇ ਬਾਲਗਾਂ ਦੀ ਮਦਦ ਕਰਦਾ ਹੈ।
- ਲਿਵਿੰਗ ਵੈੱਲ: ਪੁਰਾਣੀਆਂ ਬਿਮਾਰੀਆਂ ਵਾਲੇ ਬਾਲਗਾਂ ਲਈ ਨਿਗਰਾਨੀ ਹੇਠ ਕਸਰਤ ਦੀਆਂ ਕਲਾਸਾਂ, ਹੈਲਦੀ ਲਿਵਿੰਗ, ਬਿਮਾਰੀ ਲਈ ਖਾਸ ਢੁੱਕਵੀਂ ਸਿੱਖਿਆ, ਅਤੇ ਸਵੈ-ਪ੍ਰਬੰਧਨ ਵਰਕਸ਼ਾਪਾਂ ਰਾਹੀਂ ਮਦਦ ਕਰਦਾ ਹੈ। ਬਹੁਭਾਸ਼ੀ ਭੋਜਨ ਵਿਸ਼ੇਸ਼ਗ ਹੁੰਦੇ ਹਨ ਅਤੇ ਪੁਰਾਣੀ ਬਿਮਾਰੀ ਵਾਲੇ ਲੋਕਾਂ ਲਈ ਕੌਂਸਲਿੰਗ ਸੇਵਾਵਾਂ ਪ੍ਰਦਾਨ ਕਰਦੇ ਹਨ। ਤੁਸੀਂ 403-943-2584 'ਤੇ ਕਾਲ ਕਰ ਕੇ ਆਪਣੇ ਆਪ ਰੈਫਰ ਕਰ ਸਕਦੇ ਹੋ ਅਤੇ ਦਾਖਿਲ ਹੋ ਸਕਦੇ ਹੋ।
- ਐਡਿਕਸ਼ਨ (ਨਸ਼ਿਆਂ ਦੀ ਆਦਤ) ਅਤੇ ਮੈਂਟਲ ਹੈੱਲਥ ਸਰਵਿਸਿਜ਼: ਹਲਕੀ ਅਤੇ ਗੰਭੀਰ ਮਾਨਸਿਕ ਸਿਹਤ ਅਤੇ/ਜਾਂ ਨਸ਼ੇ ਦੀ ਆਦਤ ਵਾਲੀਆਂ ਸਮੱਸਿਆਂਵਾਂ ਵਾਲੇ ਬੱਚਿਆਂ, ਬਾਲਗਾਂ, ਬਜ਼ੁਰਗਾਂ, ਅਤੇ ਪਰਿਵਾਰਾਂ ਦਾ ਆਂਕਲਨ ਅਤੇ ਇਲਾਜ ਕਰਦੇ ਹਨ। ਡਾਕਟਰ ਤੋਂ ਰੈਫਰਲ ਦੀ ਲੋੜ ਹੁੰਦੀ ਹੈ।
- ਪਬਲਿਕ ਹੈੱਲਥ: ਨਿੱਕੇ ਬੱਚਿਆਂ, ਬੱਚਿਆਂ ਅਤੇ ਬਾਲਗਾਂ ਲਈ ਟੀਕਾਕਰਨ, ਵੈੱਲ ਬੇਬੀ ਕਲੀਨਿਕ, ਆਪਣਾ ਦੁੱਧ ਪਿਆਓਣ (ਲੈਟਟੇਸ਼ਨ) ਸਬੰਧੀ ਸਲਾਹ ਮਸ਼ਵਰਾ, ਸਿਹਤ ਸਬੰਧੀ ਜਾਨਕਾਰੀ, ਸੱਟ ਲੱਗਣ ਤੋਂ ਰੋਕਥਾਮ, ਸਕੂਲ ਸਿਹਤ ਪ੍ਰੋਗਰਾਮ ਅਤੇ ਕਮਿਊਨਿਟੀ ਵਿਕਾਸ (ਡਿਵੈਲਪਮੈਂਟ)।
- ਸੈਕਸ਼ੂਅਲ ਹੈੱਲਥ (ਲਿੰਗਿਕ ਸਿਹਤ): ਬਰਥ ਕੰਟਰੋਲ (ਸੰਤਾਨ ਸੰਜਮ) ਲਈ ਕੌਂਸਲਿੰਗ ਅਤੇ ਪ੍ਰਿਸਕਰਿਪਸ਼ਨ ਦਿੰਦੇ ਹਨ, ਲਿੰਗਿਕ ਬਿਮਾਰੀਆਂ ਲਈ ਟੈਸਟਿੰਗ ਅਤੇ ਇਲਾਜ ਕਰਦੇ ਹਨ, ਅਤੇ ਗਰਭਧਾਰਣ ਸਬੰਧੀ ਵਿਕਲਪਾਂ ਲਈ ਕੌਂਸਲਿੰਗ ਅਤੇ ਰੈਫਰਲ।

**ਪ੍ਰਸ਼ਨ: ਕੀ ਮੈਨੂੰ ਈਸਟ ਕੈਲਗਰੀ ਹੈੱਲਥ ਸੈਂਟਰ ਜਾਣ ਲਈ ਅਪਾਇੰਟਮੈਂਟ ਬੁੱਕ ਕਰਵਾਉਣੀ ਪਏਗੀ?**
**(Q: Do I need to book an appointment to come to the East Calgary Health Centre?)**
ਉੱਤਰ: ਹਾਂ। ਤੁਹਾਡੇ ਦੁਆਰਾ ਲੋੜੀਂਦੀ ਹੈੱਲਥ ਸਰਵਿਸ ਨਾਲ ਅਪਾਇੰਟਮੈਂਟ ਬਣਾਉਣ ਲਈ ਕਿਰਪਾ ਕਰ ਕੇ 403-955-1000 'ਤੇ ਕਾਲ ਕਰੋ।

ਈਸਟ ਕੈਲਗਰੀ ਹੈੱਲਥ ਸੈਂਟਰ, ਪਬਲਿਕ ਹੈੱਲਥ ਅਤੇ ਬੈਸਟ ਬਿਗਨਿੰਗ ਪਰੋਗਰਾਮ ਦੇ ਰਾਹੀਂ ਪੇਰੈਂਟ ਅਤੇ ਬੇਬੀ ਡਰੋਪ-ਇਨ ਸੇਵਾਵਾਂ ਵੀ ਪਰਦਾਨ ਕਰਦਾ ਹੈ। ਇਨ੍ਹਾਂ ਪਰੋਗਰਾਮਾਂ ਲਈ ਕੋਈ ਅਪਾਇੰਟਮੈਂਟ ਬਣਾਉਣ ਦੀ ਲੋੜ ਨਹੀਂ ਹੁੰਦੀ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰ ਕੇ 403-955-1000 'ਤੇ ਕਾਲ ਕਰੋ।

**ਪ੍ਰਸ਼ਨ: ਕੀ ਸੈਂਟਰ ਦੀਆਂ ਸੇਵਾਵਾਂ ਲੈਂਦੇ ਸਮੇਂ, ਮੁਫਤ ਇੰਟਰਪਰਟੇਸ਼ਨ (ਅਨੁਵਾਦ) ਸੇਵਾਵਾਂ ਮਿਲਣਗੀਆਂ?**
**(Q: Will there be free interpretation services when we use services in the Centre?)**
ਉੱਤਰ: ਹਾਂ।ਅਗਰ ਤੁਸੀਂ ਫੋਨ 'ਤੇ ਮੁਫਤ ਇੰਟਰਪਰਟੇਸ਼ਨ ਸੇਵਾਵਾਂ ਦਾ ਇਸਤੇਮਾਲ ਕਰਨਾ ਚਾਹੁੰਦੇ ਹੋ ਕਿਉਂਕਿ ਤੁਹਾਨੂੰ ਅੰਗਰੇਜ਼ੀ ਵਿਚ ਸਮਝਾਉਣ ਵਿਚ ਮੁਸ਼ਕਿਲ ਪੇਸ਼ ਆ ਰਹੀ ਹੈ, ਤੁਸੀਂ ਕਹਿ ਸਕਦੇ ਹੋ ' ਆਈ ਸਪੀਕ ਪੰਜਾਬੀ ( ਮੈਂ ਪੰਜਾਬੀ ਬੋਲਦੀ/ ਬੋਲਦਾ ਹਾਂ' ਅਤੇ ਤੁਹਾਡਾ ਸਿਹਤ ਸੰਭਾਲ ਕਰਮਚਾਰੀ ਫੋਨ 'ਤੇ ਹੀ ਤੁਹਾਡੇ ਲਈ ਇੰਟਰਪਰੇਟਰ ਦਾ ਬੰਦੋਬਸਤ ਕਰਨ ਦੀ ਕੋਸ਼ਿਸ਼ ਕਰੇਗਾ।

**ਪ੍ਰਸ਼ਨ: ਮੈਨੂੰ ਈਸਟ ਕੈਲਗਰੀ ਹੈੱਲਥ ਸੈਂਟਰ ਬਾਰੇ ਵਧੇਰੇ ਜਾਣਕਾਰੀ ਕਿੱਥੇ ਮਿਲ ਸਕਦੀ ਹੈ?**
**(Q: Where can I get more information about East Calgary Health Centre?)**
ਉੱਤਰ: ਅਗਰ ਤੁਸੀਂ ਈਸਟ ਕੈਲਗਰੀ ਹੈੱਲਥ ਸੈਂਟਰ ਬਾਰੇ ਹੋਰ ਜਾਣਕਾਰੀ ਪਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰ ਕੇ 403-955-1000 'ਤੇ ਕਾਲ ਕਰੋ।
ਜਾਂ ਦਿਨ ਦੇ 24 ਘੰਟੇ ਅਤੇ ਹਫਤੇ ਦੇ ਸੱਤੋ ਦਿਨ ਨਰਸ ਨਾਲ ਗੱਲ ਕਰਨ ਲਈ: ਐਲਬਰਟਾ ਹੈੱਲਥ ਲਿੰਕ ਨੂੰ 1-866-408-LINK (5465) 'ਤੇ ਟੋਲ ਫਰੀ ਕਾਲ ਕਰੋ।

ਸਰੋਤ: ਲੇਖਕ, ਐਰਿਨ ਮਾਰਟੀਨੇਜ਼, ਕਮਿਊਨੀਕੇਸ਼ਨਜ਼, ਐਲਬਰਟਾ ਹੈੱਲਥ ਸਰਵਿਸਿਜ਼- ਕੈਲਗਰੀ ਜ਼ੋਨ।

ਅਗਰ ਤੁਸੀਂ "ਰੋਡ ਟੂ ਹੈਲਥੀ ਲਿਵਿੰਗ" ਸੀਰੀਜ਼ ਦਾ ਪਹਿਲਾਂ ਵਾਲਾ ਕੋਈ ਹੋਰ ਲੇਖ ਪੜ੍ਹਨਾ ਚਾਹੁੰਦੇ ਹੋ ਤਾਂ http://www.calgaryhealthregion.ca/programs/diversity/multilingual_health_services.htm ਤੇ ਜਾ ਕੇ ਆਪਣੀ ਭਾਸ਼ਾ ਵਿਚ ਜਾਣਕਾਰੀ ਹਾਸਲ ਕਰੋ।